Tender Heart High School Sec-33B Chd.

Class-7 Ramandeep Kaur

ਪਾਠ-2 ਖਰਗੋਸ਼ ਦੀ ਸਿਆਣਪ Page-1

ਵਿਦਿਆਰਥੀਓ ਇਸ ਹਫਤੇ ਅਸੀਂ ਪਾਠ-2 ਖਰਗੋਸ਼ ਦੀ ਸਿਆਣਪ ਬਾਰੇ ਵਿਚਾਰ ਕਰਾਂਗੇ। ਇਹ ਬਹੁਤ ਹੀ ਰੋਚਕ ਕਹਾਣੀ ਹੈ। ਕਹਾਣੀਕਾਰ ਨੇ ਸਧਾਰਨ ਜਿਹੀ ਸ਼ਬਦਾਵਲੀ ਨਾਲ ਮਨੁੱਖ ਨੂੰ ਸਮਝਾਉਣ ਦਾ ਯਤਨ ਕੀਤਾ ਹੈ ਕਿ ਹਰ ਜੀਵ ਨੂੰ ਜੀਉਣ ਦਾ ਹੱਕ ਹੈ।

ਇਸ ਕਹਾਣੀ ਵਿੱਚ ਸ਼ੇਰ ਦਾ ਬਿੰਬ ਬਣਾ ਕੇ ਮਨੁੱਖਤਾ ਨੂੰ ਸਮਝਾਉਣ ਦੀ ਗੱਲ ਕਹੀ ਹੈ। ਜਿਵੇਂ ਅਸੀਂ ਕਹਾਣੀ ਵਿੱਚ ਪੜ੍ਹਦੇ ਹਾਂ ਕਿ ਇੱਕ ਜ਼ਾਲਮ ਸ਼ੇਰ ਸਾਰੇ ਜਾਨਵਰਾਂ ਨੂੰ ਬਹੁਤ ਤੰਗ ਕਰਦਾ ਹੈ। ਉਹਨਾਂ ਦਾ ਜੀਣਾ ਔਖਾ ਕਰਦਾ ਹੈ। ਕਿਸੇ ਦੇ ਆਲ੍ਹਣੇ ਤੋੜਦਾ ਹੈ। ਪੰਛੀ ਦੇ ਬੱਚਿਆਂ ਨੂੰ ਮਾਰਦਾ ਹੈ, ਖਰਗੋਸ਼ਾਂ ਦੀਆਂ ਖੁੱਡਾਂ ਤੋੜ ਦਿੰਦਾ ਭਾਵ ਜੰਗਲ ਦੇ ਸਾਰੇ ਜਾਨਵਰ, ਪਸ਼ੂ-ਪੰਛੀ ਉਸਤੋਂ ਬਹੁਤ ਪਰੇਸ਼ਾਨ ਹਨ। ਜਾਨਵਰਾਂ ਦੇ ਕਹਿਣ ਤੇ ਵੀ ਉਹ ਨਹੀਂ ਹਟਦਾ ਅਤੇ ਆਪਣੇ ਆਪ ਤੇ ਘੁਮੰਡ ਕਰਦਾ ਹੈ ਕਿ ਮੇਰਾ ਮੁਕਾਬਲਾ ਕੋਈ ਨਹੀਂ ਕਰ ਸਕਦਾ। ਫਿਰ ਇੱਕ ਖਰਗੋਸ਼ ਸਕੀਮ ਘੜਦਾ ਹੈ ਕਿ ਇਸਨੂੰ ਤਾਂ ਸਬਕ ਸਿਖਾਉਣਾ ਹੀ ਪਵੇਗਾ। ਉਹ ਸਾਥੀਆਂ ਨਾਲ ਸਲਾਹ ਕਰਕੇ ਇੱਕ ਵੱਡਾ ਸਾਰਾ ਖੂਹ ਪੁੱਟਦੇ ਹਨ ਅਤੇ ਘਾਹ-ਫੂਸ ਨਾਲ ਢਕਦੇ ਹਨ।

Be Positive...

Class-7 Ramandeep Kaur

ਪਾਠ-2 ਖਰਗੋਸ਼ ਦੀ ਸਮਝਦਾਰੀ Page-2

ਯੋਜਨਾ ਅਨੁਸਾਰ ਖਰਗੋਸ਼ ਹਾਥੀ ਕੋਲ ਜਾਂਦਾ ਹੈ ਅਤੇ ਉਸਨੂੰ ਆਪਣੀਆਂ ਗੱਲਾਂ ਵਿੱਚ ਲਾ ਕੇ ਪੁੱਟੇ ਹੋਏ ਖੂਹ ਤੱਕ ਲੈ ਆਉਂਦਾ ਤੇ ਉਸਨੂੰ ਖੂਹ ਵਿੱਚ ਸੁੱਟ ਦਿੰਦੇ ਹਨ। ਉਹ ਉੱਚੀ - ਉੱਚੀ ਚਿੰਘਾੜਦਾ ਹੈ ਤੇ ਬਾਕੀ ਸਾਰੇ ਜਾਨਵਰ ਖੁਸ਼ ਹੁੰਦੇ ਹਨ। ਮੂਰਖ ਹਾਥੀ ਨੂੰ ਆਪਣੀ ਕਰਨੀ ਦਾ ਫਲ ਮਿਲ ਗਿਆ ਸੀ। ਹੁਣ ਉਸ ਖੂਹ ਵਿੱਚੋਂ ਕਿਸੇ ਵੀ ਪੱਖੋਂ ਬਾਹਰ ਨਹੀਂ ਆ ਸਕਦਾ ਸੀ। ਉਸਨੂੰ ਚੰਗਾ ਸਬਕ ਮਿਲਿਆ ਸੀ। ਇਹ ਸਭ ਖਰਗੋਸ਼ ਦੀ ਸਮਝਦਾਰੀ ਦਾ ਨਤੀਜਾ ਸੀ। ਸਾਰੇ ਜਾਨਵਰ ਬਹੁਤ ਖੁਸ਼ ਸੀ ਤੇ ਉਹਨਾਂ ਨੇ ਹਾਥੀ ਨੂੰ ਕਿਹਾ ਕਿ ਅਸੀਂ ਤੈਨੂੰ ਮਾਰਨਾ ਨਹੀਂ ਚਾਹੁੰਦੇ ਪਰ ਤੂੰ ਸਾਨੂੰ ਬਹੁਤ ਤੰਗ ਕੀਤਾ। ਅਸੀਂ ਤੇਰੇ ਵਾਂਗ ਨਿਰਦਈ ਨਹੀਂ ਹਾਂ। ਅਸੀਂ ਸਾਰੇ ਤੈਨੂੰ ਇਸ ਖੂਹ ਵਿੱਚ ਹੀ ਖਾਣ ਲਈ ਦਿੰਦੇ ਰਹਾਂਗੇ। ਸਾਨੂੰ ਪਤਾ ਹੈ ਕਿ ਸਭ ਨੂੰ ਜੀਣ ਦਾ ਹੱਕ ਹੈ। ਹੁਣ ਜੰਗਲ ਵਿੱਚ ਖੁਸ਼ਹਾਲੀ ਸੀ ਤੇ ਸਭ ਨੇ ਖਰਗੋਸ਼ ਦਾ ਧੰਨਵਾਦ ਕੀਤਾ।

ਸੋ ਸਾਨੂੰ ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਕਿਸੇ ਨੂੰ ਤੰਗ ਨਹੀਂ ਕਰਨਾ ਚਾਹੀਦਾ।

Class-7 Ramandeep kaur

ਪਾਠ-2 ਖਰਗੋਸ਼ ਦੀ ਸਮਝਦਾਰੀ Page- 3

* ਕੋਈ ਵੱਡਾ ਛੋਟਾ ਨਹੀਂ ਹੁੰਦਾ ।
* ਹਾਥੀ ਆਪਣੇ ਘਮੰਡ ਅਤੇ ਮੋਟੇ ਦਿਮਾਗ ਕਰਕੇ ਫਸਿਆ ।
* ਸਾਨੂੰ ਘਮੰਡੀ ਨਹੀਂ ਹੋਣਾ ਚਾਹੀਦਾ ।
* ਸਾਨੂੰ ਸਭ ਨੂੰ ਜੀਉਣ ਦਾ ਹੱਕ ਹੈ, ਕਿਸੇ ਦੀ ਜਾਨ ਨਾਲ ਅਸੀਂ ਨਹੀਂ ਖੇਡ ਸਕਦੇ ।
* ਸਾਨੂੰ ਹਰ ਪਾਸੇ ਸ਼ਾਂਤੀ ਬਣਾ ਕੇ ਰੱਖਣੀ ਚਾਹੀਦੀ ਹੈ ।
* ਸਾਨੂੰ ਕਿਸੇ ਨਾਲ ਵੈਰ ਵਿਰੋਧ ਨਹੀਂ ਰੱਖਣਾ ਚਾਹੀਦਾ ।

ਵਿਦਿਆਰਥੀਓ ਇਸ ਪਾਠ ਦਾ ਅਭਿਆਸ ਅਸੀਂ ਜਮਾਤ ਵਿੱਚ ਵਿਚਾਰਾਂਗੇ ।

(last page)